ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਪ੍ਰਸਾਸਕੀ ਅਫਸਰ-1)

ਸੇਵਾ ਵਿਖੇ

1) ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
(ਕੇਵਲ ਚੰਡੀਗੜ੍ਹ ਵਿਖੇ ਸਥਿਤ ਅਤੇ ਮੁਹਾਲੀ ਵਿਖੇ ਰਾਜ ਪੱਧਰ ਦੇ ਦਫਤਰ)

2) ਸਮੂਹ ਮੈਨੇਜਿੰਗ ਡਾਇਰੈਕਟਰ,
ਪੰਜਾਬ ਦੀਆ ਕਾਰਪੋਰੇਸਨਾ ਅਤੇ ਚੇਅਰਮੈਨ/ਚੇਅਰਪਰਸਨ, ਪੰਜਾਬ ਬੋਰਡ/ ਕਮਿਸਨ ਜਿਹੜੇ ਚੰਡੀਗੜ੍ਹ ਵਿਖੇ ਸਥਿਤ ਹਨ (ਕੇਵਲ ਪੰਜਾਬ ਦੇ ਡੈਪੂਟੇਸਨ ਤੇ ਗਏ ਕਰਮਚਾਰੀਆਂ ਲਈ)

3) ਸਕੱਤਰ/ਮਾਨਯੋਗ ਰਾਜਪਾਲ

4) ਸਕੱਤਰ, ਲੋਕ ਪਾਲ, ਪੰਜਾਬ, ਚੰਡੀਗੜ੍ਹ।

ਮੀਮੋ ਨੰ: 6/32/2016-6ਪ੍ਰਅ1/ 10

ਮਿਤੀ,ਚੰਡੀਗੜ੍ਹ: 4/1/19

ਵਿਸ਼ਾ:- ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਸੈਕਟਰ-39 ਚੰਡੀਗੜ੍ਹ ਵਿਖੇ ਵੱਖ-ਵੱਖ ਕੈਟਾਗਰੀ ਦੇ ਸਰਕਾਰੀ ਮਕਾਨ ਅਲਾਟ ਕਰਨ ਸਬੰਧੀ ਪ੍ਰਤੀਬੇਨਤੀਆਂ ਮੰਗਣ ਬਾਰੇ।

ਸਕੱਤਰੇਤ ਪ੍ਰਸਾਸਨ ਵੱਲੋਂ ਪੰਜਾਬ ਸਰਕਾਰ ਜਨਰਲ ਪੂਲ ਦੇ ਟਾਈਪ 8 (ਫਲੈਟ ਸੈਕਟਰ-39 ਅਤੇ 42), ਕੈਟਾਗਰੀ-9, ਸੈਕਟਰ-38 ਅਤੇ ਕੈਟਾਗਰੀ-3, 2, 1 ਸੈਕਟਰ-39 ਸੀ ਅਤੇ ਸੈਕਟਰ-39 ਡੀ ਚੰਡੀਗੜ੍ਹ ਵਿਖੇ ਸਰਕਾਰੀ ਮਕਾਨ ਅਲਾਟ ਕਰਨ ਲਈ ਪ੍ਰਤੀਬੇਨਤੀਆਂ ਮੰਗਣ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਰੈਗੂਲਰ ਕਰਮਚਾਰੀ, ਜਿਹਨਾਂ ਦਾ ਮੌਜੂਦਾ ਗ੍ਰੇਡ ਪੇਅ ਹੇਠ ਲਿਖੇ ਅਨੁਸਾਰ ਹੈ, ਆਪਣੀ ਪ੍ਰਤੀਬੇਨਤੀ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਆਪਣੀ ਪਾਤਰਤਾ ਅਤੇ ਮੁੱਢਲੀ ਤਨਖਾਹ ( ਪੇਅ ਬੈਂਡ+ਗਰੇਡ ਪੇਅ) ਅਨੁਸਾਰ ਭਰਦੇ ਹੋਏ ਵਿਭਾਗੀ ਮੁੱਖੀ ਰਾਹੀ ਭੇਜ ਸਕਦੇ ਹਨ:-

| S.No. | Category | Eligibility |
|---|---|---|
| 1 | Type VIII (Flats in sec. 39 and | All officers IAS/IPS, PCS and other employees in pay scale of Rs.37,400-67,000 + 8700/- (GP) and above |
| 2 | Category-9 | Grade pay Rs. 5400/- to Rs 8699/- |
| 3 | Category-3 | Grade pay Rs. 4800/- to Rs 5399/- |
| 4 | Category-2 | Grade pay Rs. 3200/- to Rs 4799/- |
| 5 | Category-1 | Grade pay Rs. 1650/- to Rs 3199/- |

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਚੰਡੀਗੜ੍ਹ ਵਿਖੇ ਕੰਮ ਕਰਦੇ ਉਹਨਾਂ ਰੈਗੂਲਰ ਅਧਿਕਾਰੀਆਂ/ਕਰਮਚਾਰੀਆਂ ਜਿਹਨਾਂ ਦੀ ਮੌਜੂਦਾ ਮੁੱਢਲੀ ਤਨਖਾਹ ਅਤੇ ਗ੍ਰੇਡ ਪੇਅ ਉਕਤ ਅਨੁਸਾਰ ਹੈ, ਚਾਹਵਾਨ ਦੀਆਂ ਪ੍ਰਤੀਬੇਨਤੀਆਂ ਨੱਥੀ ਪ੍ਰੋਫਾਰਮੇ ਅਨੁਸਾਰ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋ ਇਕ ਮਹੀਨੇ ਦੇ ਅੰਦਰ-ਅੰਦਰ ਪ੍ਰਸਾਸਕੀ ਅਫਸਰ-1 ਸਾਖਾ, ਕਮਰਾ ਨੰ: 22, 6 ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ ਵਿਖੇ ਭੇਜੀਆਂ ਜਾਣ।

2. ਜਿਹਨਾਂ ਕਰਮਚਾਰੀਆਂ ਨੂੰ ਪਹਿਲਾ ਹੀ ਸਰਕਾਰੀ ਮਕਾਨ ਅਲਾਟ ਹੈ ਤੇ ਉਹ ਗ੍ਰੇਡ ਪੇਅ ਵੱਧ ਹੋ ਜਾਣ ਕਾਰਨ ਉਪਰਲੀ ਕੈਟਾਗਰੀ ਲਈ ਪਾਤਰ ਬਣਦੇ ਹਨ, ਉਹ ਵੀ ਅਰਜੀਆਂ ਦਾਇਰ ਕਰ ਸਕਦੇ ਹਨ ਅਤੇ ਬਾਅਦ ਵਿੱਚ ਉਹਨਾਂ ਵੱਲੋ ਮਕਾਨ ਅਪਗ੍ਰੇਡ ਕਰਨ ਸਬੰਧੀ ਕੋਈ ਵੀ ਪ੍ਰਤੀਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

3. ਜਿਹਨਾਂ ਵਿਭਾਗਾਂ ਵੱਲੋ ਚੰਡੀਗੜ੍ਹ, ਮੁਹਾਲੀ ਵਿਖੇ ਆਪਣੇ ਕਰਮਚਾਰੀਆਂ ਲਈ ਰਿਹਾਇਸੀ ਮਕਾਨ/ਫਲੈਟ ਉਸਾਰੇ ਹੋਏ ਹਨ, ਨਿਯਮਾਂ ਅਨੁਸਾਰ ਉਹਨਾ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਅਰਜੀਆਂ ਦੇਣ ਦੇ ਪਾਤਰ ਨਹੀਂ ਹੋਣਗੇ।

4. ਪ੍ਰਾਪਤ ਹੋਈਆਂ ਯੋਗ ਪ੍ਰਤੀਬੇਨਤੀਆਂ ਦੀ ਸੀਨੀਆਰਤਾ ਸੂਚੀ ਨਿਯਮਾਂ ਅਨੁਸਾਰ ਬਿਨੈਕਾਰ ਦੇ ਚੰਡੀਗੜ੍ਹ ਵਿਖੇ ਜੁਆਇੰਨ ਕਰਨ ਦੀ ਮਿਤੀ ਤੋਂ ਬਣਾਈ ਜਾਵੇਗੀ।

5. ਪੱਤਰ ਜਾਰੀ ਹੋਣ ਤੋਂ ਇਕ ਮਹੀਨੇ ਉਪਰੰਤ ਪ੍ਰਾਪਤ ਹੋਣ ਵਾਲੀਆਂ ਪ੍ਰਤੀਬੇਨਤੀਆਂ ਤੇ ਕਿਸੇ ਵੀ ਹਾਲਤ ਵਿਚ ਵਿਚਾਰ ਨਹੀਂ ਕੀਤਾ ਜਾਵੇਗਾ।

ਪ੍ਰਸਾਸਕੀ ਅਫਸਰ-1

ਅੰ:ਵਿ: ਪੱ:ਨੰ:6/32/2016-6ਪ੍ਰਅ1/ 11 ਮਿਤੀ, ਚੰਡੀਗੜ੍ਹ: 4/1/19

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆਂ ਜਾਂਦਾ ਹੈ:-

1 ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ।

2 ਨਿੱਜੀ ਸਕੱਤਰ/ਮੁੱਖ ਪ੍ਰਮੁੱਖ ਸਕੱਤਰ ਮਾਨਯੋਗ ਮੁੱਖ ਮੰਤਰੀ, ਪੰਜਾਬ।

3 ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਮਾਨਯੋਗ ਮੁੱਖ ਮੰਤਰੀ, ਪੰਜਾਬ।

4. ਸਮੂਹ ਵਿਸੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ, ਸਕੱਤਰ, ਵਿਸੇਸ ਸਕੱਤਰ, ਵਧੀਕ ਸਕੱਤਰ, ਸੰਯੁਕਤ ਸਕੱਤਰ ਉਪ ਸਕੱਤਰ ਅਤੇ ਅਧੀਨ ਸਕੱਤਰ, ਪੰਜਾਬ ਸਰਕਾਰ।

5 ਸਮੂਹ ਵਿਸੇਸ ਸਕੱਤਰ, ਸਕੱਤਰ, ਨਿੱਜੀ ਸਕੱਤਰ/ ਮੰਤਰੀ ਸਾਹਿਬਾਨ।

6 ਸਮੂਹ ਸਾਖਾਵਾਂ ਦੇ ਸੁਪਰਡੰਟ (ਪੰਜਾਬ ਸਿਵਲ ਸਕੱਤਰੇਤ-1 ਅਤੇ 2)

ਪ੍ਰਸਾਸਕੀ ਅਫਸਰ-1

ਪਿੱਠ ਅੰ: ਨੰ: 6/2/2016-6ਪ੍ਰਅ1/ 12 ਮਿਤੀ, ਚੰਡੀਗੜ੍ਹ; 4/1/19

ਇਸ ਦਾ ਇਕ ਉਤਾਰਾ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਸਾਖਾ ਕਮਰਾ ਨੰ: 315-316, ਤੀਸਰੀ ਮੰਜਿਲ, 17 ਬੇਜ ਬਿਲਡਿੰਗ, ਸੈਕਟਰ-17 ਡੀ, ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆਂ ਜਾਂਦਾ ਹੈ।

ਪ੍ਰਸਾਸਕੀ ਅਫਸਰ-1

# ਪੰਜਾਬ ਸਰਕਾਰ ਦੇ ਚੰਡੀਗੜ੍ਹ ਸਥਿਤ ਸਰਕਾਰੀ ਮਕਾਨਾਂ ਦੀ ਅਲਾਟਮੈਂਟ ਲਈ ਬਿਨੈ ਪੱਤਰ

| ਤਸਦੀਕਸ਼ੁਦਾ ਫੋਟੋ |
|---|

ਸੇਵਾ ਵਿਖੇ,

ਚੇਅਰਮੈਨ,
ਪੰਜਾਬ ਮਕਾਨ ਅਲਾਟਮੈਂਟ ਕਮੇਟੀ (ਐਡਹਾਕ),
ਚੰਡੀਗੜ੍ਹ।
(ਯੋਗ ਪ੍ਰਣਾਲੀ ਰਾਹੀਂ)

ਸ਼੍ਰੀਮਾਨ ਜੀ,

ਨਿਮਨਹਸਤਾਖਰ ਹੇਠ ਲਿਖੀ ਸੂਚਨਾ ਦਿੰਦੇ ਹੋਏ ਚੰਡੀਗੜ੍ਹ ਸਥਿਤ ਪੰਜਾਬ ਸਰਕਾਰ ਦੇ ਸਰਕਾਰੀ ਮਕਾਨ ਨੂੰ ਅਲਾਟ ਕਰਨ ਲਈ ਅਪਲਾਈ ਕਰਦਾ ਹੈ:-

1) ਬਿਨੈਕਾਰ ਦਾ ਨਾਂ (ਮੋਟੇ ਅੱਖਰਾਂ ਵਿੱਚ) ..............................

2) ਪਿਤਾ/ਪਤੀ ਦਾ ਨਾਂ ..............................

3) ਅਹੁਦਾ ..............................

4) (ੳ) ਬਿਨੈਕਾਰ ਦੀ ਜਨਮ ਮਿਤੀ: ..............................

(ਅ) ਸੇਵਾ ਨਿਵਰਤੀ ਦੀ ਮਿਤੀ: ..............................

5) ਡਿਊਟੀ ਦਾ ਸਥਾਨ ਅਤੇ ਮੌਜੂਦਾ ਪਤਾ ..............................
..............................

(ੳ) ਦਫਤਰ ਦਾ ਪਤਾ ਅਤੇ ਟੈਲੀਫੋਨ ਨੰ: ..............................

(ਅ) ਮੌਜੂਦਾ ਰਿਹਾਇਸ਼ ਅਤੇ ਟੈਲੀਫੋਨ ਨੰ: ..............................

6) (ੳ) ਨਿਯਮਤ ਤੌਰ ਤੇ ਪੰਜਾਬ ਸਰਕਾਰ ਦੀ ਨੌਕਰੀ ਸ਼ੁਰੂ ਕਰਨ ਦੀ ਮਿਤੀ: ..............................

7) ਚੰਡੀਗੜ੍ਹ ਸਥਿਤ ਦਫਤਰ ਵਿਚ ਜੁਆਇਨ ਕਰਨ ਦੀ ਮਿਤੀ: ..............................

8) ਨੌਕਰੀ ਦੀ ਸ਼੍ਰੇਣੀ ..............................

9) ਜੇਕਰ ਪ੍ਰਾਰਥੀ ਕੋਲ ਕੋਈ ਸਰਕਾਰੀ ਮਕਾਨ ਕਬਜੇ ਵਿਚ ਹੈ ਤਾਂ ਉਸਦਾ ਵੇਰਵਾ: ..............................

(ਟਾਈਪ) ਮਕਾਨ ਨੰ:
ਸੈਕਟਰ ਚੰਡੀਗੜ੍ਹ

10) ਪੇਅ ਸਕੇਲ ..............................

11) (ੳ) ਮੌਜੂਦਾ ਮੂਲ ਤਨਖਾਹ ਅਤੇ ਗ੍ਰੇਡ ਪੇਅ ..............................

(ਅ) ਮੌਜੂਦਾ ਸਪੈਸ਼ਲ ਪੇਅ ਜੇਕਰ ਕੋਈ ਹੋਵੇ: ..............................

(ੲ) ਕੀ ਬਿਨੈਕਾਰ ਦੀ ਅਸਾਮੀ ਚੰਡੀਗੜ੍ਹ ਤੋਂ ਬਾਹਰ ਤਬਦੀਲ ਹੋਣ ਵਾਲੀ ਹੈ? ..............................

(ਸ) ਕੀ ਪਹਿਲੀ ਨਿਯੁਕਤੀ ਦੇ ਸਥਾਨ ਤੇ ਕੋਈ ਸਰਕਾਰੀ ਮਕਾਨ ਅਲਾਟ ਹੋਇਆ ਸੀ? ਜੇ ਹੋਇਆ ਸੀ ਤਾਂ ਉਸਦਾ ਵੇਰਵਾ : ..............................

**ਘੋਸ਼ਣਾ**

1) ਮੈਂ ਪੰਜਾਬ ਸਰਕਾਰੀ ਮਕਾਨਾਂ (ਜਨਰਲ ਪੂਲ) ਅਲਾਟਮੈਂਟ ਨਿਯਮ, 1983 ਅਤੇ ਇਹਨਾਂ ਵਿਚ ਸਮੇਂ-ਸਮੇਂ ਤੇ ਹੋਈ ਸੋਧਾਂ ਦੀ ਪਾਲਣਾ ਲਈ ਪਾਬੰਦ ਹੋਵਾਂਗਾ/ਹੋਵਾਂਗੀ।

2) ਮੈਂ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੀ ਪਹਿਲੀ ਤਾਇਨਾਤੀ ਦੇ ਸਥਾਨ ਤੇ ਮੇਰੇ ਕੋਲ ਕੋਈ ਸਰਕਾਰੀ ਮਕਾਨ ਨਹੀਂ ਸੀ।

3) ਇਹ ਕਿ ਮੈਨੂੰ ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਪੰਜਾਬ ਸਰਕਾਰ ਦਾ ਮਕਾਨ ਅਲਾਟ ਹੋਣ ਦੀ ਸੂਰਤ ਵਿਚ ਮੇਰੇ ਵੱਲੋਂ ਅਲਾਟਿਡ ਮਕਾਨ ਦਾ ਕਬਜਾ ਲੈਣ ਦੀ ਮਿਤੀ ਜਾਂ ਅਲਾਟਮੈਂਟ ਪੱਤਰ ਜਾਰੀ ਹੋਣ ਤੋਂ 15 ਦਿਨਾਂ ਬਾਅਦ (ਇਨ੍ਹਾਂ ਦੋਵਾਂ ਵਿਚੋਂ ਜੋ ਵੀ ਪਹਿਲਾਂ ਹੋਵੇ) ਮਕਾਨ ਕਿਰਾਇਆ ਭੱਤਾ ਕਲੇਮ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਇਸ ਬਾਰੇ ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਂਦਾ।

4) ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੇ ਵੱਲੋਂ ਦਿੱਤੇ ਗਏ ਉਪਰੋਕਤ ਵਿਵਰਣ ਮੇਰੀ ਜਾਣਕਾਰੀ ਮੁਤਾਬਿਕ ਸਹੀ ਅਤੇ ਦਰੁੱਸਤ ਹਨ ਅਤੇ ਇਨ੍ਹਾਂ ਬਾਰੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ। ਜੇਕਰ ਭਵਿੱਖ ਵਿੱਚ ਦਿੱਤੇ ਵਿਵਰਣ ਗਲਤ ਪਾਏ ਜਾਂਦੇ ਹਨ ਤਾਂ ਮੈਂ ਇਸ ਕਾਰਨ ਆਪਣੇ ਵਿਰੁੱਧ ਵਿਭਾਗੀ ਕਾਰਵਾਈ ਦੇ ਨਾਲ-ਨਾਲ ਸਮਰੱਥ ਅਥਾਰਟੀ ਵੱਲੋਂ ਮਕਾਨ ਕੈਂਸਲ ਕਰਨ ਉਪਰੰਤ ਅਲਾਟਿਡ ਮਕਾਨ ਛੱਡਣ ਲਈ ਪਾਬੰਦ ਹੋਵਾਂਗਾ/ਹੋਵਾਂਗੀ।

ਆਪਜੀ ਦਾ ਵਿਸ਼ਵਾਸ਼ਪਾਤਰ,

ਸਥਾਨ:

(ਬਿਨੈਕਾਰ ਦੇ ਹਸਤਾਖਰ)

ਮਿਤੀ:

ਮਿਤੀ, ਚੰਡੀਗੜ੍ਹ:

ਪਿੱਠ ਅੰਕਣ ਨੰ:

ਮੂਲ ਰੂਪ ਵਿਚ ਚੇਅਰਮੈਨ, ਪੰਜਾਬ ਮਕਾਨ ਅਲਾਟਮੈਂਟ ਕਮੇਟੀ (ਪ੍ਰਸ਼ਾਸਕੀ ਅਫਸਰ-1 ਸ਼ਾਖਾ, ਕਮਰਾ ਨੰ: 22, ਛੇਵੀਂ ਮੰਜਲ, ਪੰਜਾਬ ਸਿਵਲ ਸਕੱਤਰੇਤ, ਨੂੰ ਭੇਜਿਆ ਜਾਂਦਾ ਹੈ:-

1) ਇਹ ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਵੱਲੋਂ ਦਿੱਤੇ ਗਏ ਉਪਰੋਕਤ ਵਿਵਰਣ ਸਹੀ ਹਨ।

2) ਇਹ ਕਿ ਸ੍ਰੀ/ਸ੍ਰੀਮਤੀ ........................................ਪੇਅ-ਸਕੇਲ..................................ਰੁਪਏ + ਗਰੇਡ ਪੇਅ.........................ਰੁਪਏ ਬਤੌਰ............................................ ਮੂਲ ਤਨਖਾਹ ਲੈ ਰਿਹਾ/ਰਹੀ ਹੈ ਅਤੇ ਜਿਸ ਦਿਨ ਇਹ ਮਕਾਨ ਦਾ/ਦੀ ਪਾਤਰ ਹੈ, ਉਸ ਦਿਨ ਤੋਂ ਇਸ ਦੀ ਡਿਮੋਸ਼ਨ, ਬਗੈਰ ਤਨਖਾਹ ਛੁੱਟੀ ਜਾਂ ਕਿਸੇ ਹੋਰ ਕਾਰਨ ਕਰਕੇ ਮੂਲ ਤਨਖਾਹ ਘੱਟ ਨਹੀਂ ਕੀਤੀ ਗਈ ਹੈ।

ਵਿਭਾਗ ਦੇ ਮੁੱਖੀ ਜਾਂ ਕੰਟਰੋਲਿੰਗ ਅਧਿਕਾਰੀ ਦੇ
ਹਸਤਾਖਰ (ਸਮੇਤ ਮੋਹਰ ਅਤੇ ਟੈਲੀਫੋਨ ਨੰਬਰ)